ਨਿਬੰਧ :

# ਵਰਤਮਾਨ ਦੀ ਕਵਿਤਾ

## -ਸੁਖਿੰਦਰ

ਕੈਨੇਡੀਅਨ ਪੰਜਾਬੀ ਸ਼ਾਇਰ ਅਮਰਜੀਤ ਸਾਥੀ ਨੇ ਜਾਪਾਨੀ ਕਵਿਤਾ ਦੇ ਰੂਪ 'ਹਾਇਕੂ' ਦਾ ਪੰਜਾਬੀਕਰਨ ਕਰਦਿਆਂ ਹੋਇਆਂ ਪੰਜਾਬੀ ਹਾਇਕੂ ਦਾ ਸੰਗ੍ਰਹਿ **'ਨਿਮਖ'** 2008 ਵਿੱਚ ਪ੍ਰਕਾਸ਼ਿਤ ਕੀਤਾ ਹੈ.

ਹਾਇਕੂ ਦੀ ਸਭ ਤੋਂ ਪਹਿਲਾਂ ਰਚਨਾ ਜਾਪਾਨ ਵਿੱਚ ਕੀਤੀ ਗਈ ਸੀ. ਇਹ ਵਰਤਮਾਨ ਦੀ ਕਵਿਤਾ ਹੈ. ਇਸ ਦਾ ਸਬੰਧ ਸਾਡੀ ਤੀਸਰੀ ਅੱਖ ਨਾਲ ਹੈ. ਇਸ ਨੂੰ ਵਿਸ਼ਵ ਦੀ ਸਭ ਤੋਂ ਸੰਕੁਚਿਤ ਕਵਿਤਾ ਮੰਨਿਆਂ ਗਿਆ ਹੈ. ਠੋਸ ਬਿੰਬਾਂ ਦੀ ਵਰਤੋਂ ਰਾਹੀਂ ਇਸ ਵਿੱਚ ਆਮ ਜ਼ਿੰਦਗੀ ਦੀਆਂ ਘਟਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ. ਕਵਿਤਾ ਦੇ ਇਸ ਰੂਪ ਵਿਚ ਕਹੇ ਨਾਲੋਂ ਅਣਕਿਹਾ ਵਧੇਰੇ ਹੁੰਦਾ ਹੈ. ਇਸ ਵਿੱਚ ਵਿਆਖਿਆ ਨਹੀਂ ਹੁੰਦੀ. ਕਵਿਤਾ ਦੇ ਇਸ ਰੂਪ ਵਿੱਚ ਸਾਦੀ ਬੋਲੀ ਅਤੇ ਸਾਦੀ ਵਾਕ ਬਣਤਰ ਦੀ ਵਰਤੋਂ ਕੀਤੀ ਗਈ ਹੁੰਦੀ ਹੈ. ਕੁਝ ਲੋਕ ਇਸ ਨੂੰ ਇੱਕੋ ਸਾਹ ਵਿੱਚ ਕਹੀ ਜਾਣ ਵਾਲੀ ਕਵਿਤਾ ਵੀ ਕਹਿੰਦੇ ਹਨ. ਹਾਇਕੂ ਦੀ ਇਹ ਖੂਬਸੂਰਤੀ ਹੁੰਦੀ ਹੈ ਕਿ ਇਸ ਨੂੰ ਪੜ੍ਹਣ ਤੋਂ ਬਾਹਦ ਪਾਠਕ ਸੁੰਨ ਸਮਾਧੀ ਵਾਲੀ ਸਥਿਤੀ ਵਿੱਚ ਚਲਾ ਜਾਂਦਾ ਹੈ ਅਤੇ ਆਪਣੀ ਤੀਸਰੀ ਅੱਖ ਰਾਹੀਂ ਹਾਇਕੂ ਵਿੱਚ ਵਰਤੇ ਗਏ ਸ਼ਬਦਾਂ ਵੱਲੋਂ ਉਸਾਰੇ ਗਏ ਦ੍ਰਿਸ਼ ਨੂੰ ਵੇਖਣ ਅਤੇ ਮਾਨਣ ਲੱਗਦਾ ਹੈ. ਅਮਰਜੀਤ ਸਾਥੀ ਦਾ ਇੱਕ ਹਾਇਕੂ ਦੇਖੋ:

ਮਹਾਂ ਨਗਰ ਦੀ ਰੋਸ਼ਨੀ
ਖਾ ਗੀ ਚੰਨ ਦੀ ਚਾਨਣੀ
ਤਾਰੇ ਗਏ ਗੁਆਚ

ਇਨ੍ਹਾਂ ਤਿੰਨ ਸਤਰਾਂ ਦੀ ਕਾਵਿ ਰਚਨਾ ਵਿਚ ਅਜੋਕੇ ਸਮਿਆਂ ਦਾ ਇੱਕ ਵੱਡਾ ਸੱਚ ਪੇਸ਼ ਕੀਤਾ ਗਿਆ ਹੈ. ਮਨੁੱਖ ਦਾ ਕੁਦਰਤ ਨਾਲ ਰਿਸ਼ਤਾ ਟੁੱਟਦਾ ਜਾ ਰਿਹਾ ਹੈ. ਮਨੁੱਖ ਨਕਲੀ ਰੌਸ਼ਨੀਆਂ ਦੀ ਚਕਾਚੌਂਧ ਵਿੱਚ ਗੁਆਚਿਆ ਬੰਦ ਇਮਾਰਤਾਂ ਵਿੱਚ ਹੀ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਬਿਤਾਂਦਾ ਹੈ. ਜਦੋਂ ਮਨੁੱਖ ਕੁਦਰਤ ਨਾਲ ਜੁੜਿਆ ਹੋਇਆ ਸੀ ਤਾਂ ਉਹ ਚੰਨ ਦੀ ਚਾਨਣੀ ਮਾਣਦਾ ਸੀ ਅਤੇ ਤਾਰਿਆਂ ਭਰੀ ਰਾਤ ਦਾ ਦ੍ਰਿਸ਼ ਉਸਨੂੰ ਆਨੰਦ ਨਾਲ ਭਰ ਦਿੰਦਾ ਸੀ.

ਹਾਇਕੂ ਦੀ ਇੱਕ ਵਿਸ਼ੇਸ਼ਤਾ ਹੋਰ ਹੈ. ਆਮ ਤੌਰ ਉੱਤੇ ਇਸ ਵਿੱਚ ਕਿਸੇ ਰੁੱਤ ਦਾ ਅਤੇ ਉਸ ਨਾਲ ਸਬੰਧਤ ਪ੍ਰਕ੍ਰਿਤਕ ਰੰਗਾਂ ਦਾ ਜ਼ਿਕਰ ਕੀਤਾ ਜਾਂਦਾ ਹੈ. ਸਰਦੀਆਂ ਦੀ ਰੁੱਤ ਵਿੱਚ ਕੈਨੇਡਾ ਇੱਕ ਬਹੁਤ ਹੀ ਠੰਢਾ ਦੇਸ਼ ਬਣ ਜਾਂਦਾ ਹੈ. ਠੰਢੀਆਂ ਸੀਤ ਹਵਾਵਾਂ ਅਤੇ ਬਰਫ਼ੀਲੇ ਝੱਖੜਾਂ ਦਾ ਹਰ ਪਾਸੇ ਬੋਲਬਾਲਾ ਹੁੰਦਾ ਹੈ. ਪਰ ਜ਼ਿੰਦਗੀ ਦਾ ਸਫ਼ਰ ਫਿਰ ਵੀ ਓਵੇਂ ਹੀ ਜਾਰੀ ਰਹਿੰਦਾ ਹੈ. ਸਕੂਲ, ਘਰ, ਦਫਤਰ, ਕਾਰਾਂ, ਗੱਡੀਆਂ, ਬੱਸਾਂ - ਹਰ ਥਾਂ ਗਰਮ ਕੀਤੀ ਹੁੰਦੀ ਹੈ. ਇਨ੍ਹਾਂ ਥਾਵਾਂ ਉੱਤੇ ਬੈਠੇ ਤੁਸੀਂ ਮਹਿਸੂਸ ਹੀ ਨਹੀਂ ਕਰਦੇ ਕਿ ਬਾਹਰ ਇੰਨੀਆਂ ਸੀਤ ਹਵਾਵਾਂ ਚੱਲ ਰਹੀਆਂ ਹਨ ਜਾਂ ਬਰਫ਼ਾਨੀ ਝੱਖੜ ਝੁੱਲ ਰਹੇ ਹਨ. ਅਸੀਂ ਦੇਖ ਸਕਦੇ ਹਾਂ ਕਿ ਮਹਿਜ਼ ਤਿੰਨ ਸਤਰਾਂ ਦੇ ਹਾਇਕੂ ਵਿੱਚ ਇੱਕ ਅਜਿਹਾ ਦ੍ਰਿਸ਼ ਪੇਸ਼ ਕਰ ਦਿੱਤਾ ਗਿਆ ਹੈ ਕਿ ਸ਼ਹਿਰ ਵਿੱਚ ਬਰਫ਼ੀਲਾ ਝੱਖੜ ਝੁੱਲ ਰਿਹਾ ਹੈ, ਪਰ ਟੋਰਾਂਟੋ ਸ਼ਹਿਰ ਦੇ ਲੋਕ ਨਿੱਘੀਆਂ ਟਰਾਮਾਂ ਵਿੱਚ ਸਫ਼ਰ ਕਰਦੇ ਹੋਏ ਜ਼ਿੰਦਗੀ ਦਾ ਆਨੰਦ ਮਾਣ ਰਹੇ ਹਨ:

ਬਰਫ਼ੀਲਾ ਝੱਖੜ
ਨਿੱਘੀਆਂ ਵਗਣ ਟਰਾਮਾਂ
ਵਸਦਾ ਸ਼ਹਿਰ ਟਰਾਂਟੋ

ਇੱਕ ਹੋਰ ਹਾਇਕੂ ਵਿੱਚ ਅਸੀਂ ਜ਼ਿੰਦਗੀ ਦਾ ਇੱਕ ਹੋਰ ਸੱਚ ਪੇਸ਼ ਹੋਇਆ ਵੇਖਦੇ ਹਾਂ. ਪਰ ਇਸ ਹਾਇਕੂ ਦੀਆਂ ਮਹਿਜ਼ ਤਿੰਨ ਸਤਰਾਂ ਵਿੱਚ ਕਹੀ ਹੋਈ ਗੱਲ ਨਾਲੋਂ ਅਣਕਹੀ ਹੋਈ ਗੱਲ ਵਧੇਰੇ ਹੈ. ਜ਼ਿੰਦਗੀ ਵਿੱਚ ਸੁੱਖ-ਦੁੱਖ ਦਾ ਸਿਲਸਿਲਾ ਚਲਦਾ ਰਹਿੰਦਾ ਹੈ; ਪਰ ਉਹੀ ਮਨੁੱਖ ਵਧੇਰੇ ਸਿਆਣਾ ਅਤੇ ਸ਼ਕਤੀਵਾਨ ਸਮਝਿਆ ਜਾਂਦਾ ਹੈ ਜੋ ਕਿ ਹਰ ਹਾਲਤ ਵਿੱਚ ਆਪਣਾ ਮਾਨਸਿਕ ਸੰਤੁਲਨ ਬਣਾਈ ਰੱਖਦਾ ਹੈ. ਨਕਾਮੀਆਂ ਵੀ ਉਸਦਾ ਹੌਂਸਲਾ ਤੋੜ ਨਹੀਂ ਸਕਦੀਆਂ. ਉਸਦੇ ਚਿਹਰੇ ਉੱਤੇ ਮੁਸਕਾਨ ਛਾਈ ਰਹਿੰਦੀ ਹੈ. ਹਾਇਕੂ ਵਿੱਚ ਉਸਾਰਿਆ ਗਿਆ ਦ੍ਰਿਸ਼ ਸਾਡੀ ਚੇਤਨਾ ਵਿੱਚ ਜ਼ਿੰਦਗੀ ਦੇ ਇਸ ਅਣਕਹੇ ਸੱਚ ਨੂੰ ਉਭਾਰਦਾ ਹੈ. ਦੇਖੋ, ਇਸ ਹਾਇਕੂ ਦੀ ਖੂਬਸੂਰਤੀ:

ਟੁੱਟ ਗਿਆ ਫੁੱਲਦਾਨ
ਖਿੱਲਰ ਕੇ ਵੀ ਖਿੜੀ ਰਹੀ
ਫੁੱਲਾਂ ਦੀ ਮੁਸਕਾਨ

ਹਾਇਕੂ ਦਾ ਇੱਕ ਇਹ ਵੀ ਗੁਣ ਹੁੰਦਾ ਹੈ ਕਿ ਇਸ ਵਿੱਚ ਵਿਸਥਾਰ ਨਹੀਂ ਹੁੰਦਾ. ਮਨੁੱਖੀ ਰਿਸ਼ਤਿਆਂ ਬਾਰੇ ਕਿੰਨਾ ਕੁਝ ਕਹਿ ਜਾਂਦਾ ਹੈ ਇਹ ਹਾਇਕੂ:

ਪਿਆਸੀ ਰੂਹ
ਪਾਣੀ ਲੱਭੇ
ਸੁੱਕੇ ਖੂਹ

ਅਜੋਕੇ ਸਮਿਆਂ ਵਿੱਚ ਅਸੀਂ ਦੇਖਦੇ ਹਾਂ ਕਿ ਪਰਵਾਸੀ ਪੰਜਾਬੀ ਪ੍ਰਵਾਰਾਂ ਵਿੱਚ ਮਰਦਾਂ ਅਤੇ ਔਰਤਾਂ ਦਰਮਿਆਨ ਕਿੰਨੀ ਹਿੰਸਾ ਵਧ ਰਹੀ ਹੈ, ਕਿੰਨੇ ਤਲਾਕ ਹੋ ਰਹੇ ਹਨ, ਕਿੰਨੇ ਪਤੀ ਆਪਣੀਆਂ ਹੀ ਪਤਨੀਆਂ ਦੇ ਕਤਲ ਕਰ ਰਹੇ ਹਨ. ਅਨੇਕਾਂ ਵਾਰ ਉਸਦਾ ਕਾਰਨ ਇਹ ਹੁੰਦਾ ਹੈ ਕਿ ਪੱਛਮੀ ਦੇਸ਼ਾਂ ਦੀ ਇਮੀਗਰੇਸ਼ਨ ਪ੍ਰਾਪਤ ਕਰਨ ਦੀ ਲਾਲਸਾਵਸ ਮਾਪੇ ਆਪਣੀਆਂ ਧੀਆਂ ਦੇ ਵਿਆਹ ਬਿਲਕੁਲ ਹੀ ਬੇਜੋੜ ਕਿਸਮ ਦੇ ਲੋਕਾਂ ਨਾਲ ਕਰ ਦਿੰਦੇ ਹਨ. ਅਜਿਹੇ ਬੇਜੋੜ ਮਰਦ ਨ ਸਿਰਫ ਵਿੱਦਿਅਕ ਪੱਧਰ ਉੱਤੇ, ਚੇਤਨਾ ਦੀ ਪੱਧਰ ਉੱਤੇ ਜਾਂ ਕਿਸੀ ਸਮਾਜਿਕ ਅਹੁਦੇ ਦੀ ਪੱਧਰ ਉੱਤੇ ਹੀ ਬੇਜੋੜ ਹੁੰਦੇ ਹਨ; ਬਲਕਿ ਭਾਵਨਾਤਮਕ ਪੱਧਰ ਉੱਤੇ ਵੀ ਉਨ੍ਹਾਂ ਦਾ ਆਪਣੀਆਂ ਮੋਹ ਭਰੀਆਂ ਪਤਨੀਆਂ ਨਾਲ ਕੋਈ ਜੋੜ ਨਹੀਂ ਹੁੰਦਾ. ਅਜਿਹੇ ਬੇਜੋੜ ਮਰਦ, ਨਿਰਸੰਦੇਹ, 'ਸੁੱਕੇ ਖੂਹਾਂ' ਵਾਂਗੂੰ ਹੁੰਦੇ ਹਨ. ਜਿਨ੍ਹਾਂ ਤੋਂ ਆਪਣੀ ਪਾਣੀ ਦੀ ਪਿਆਸ ਬੁਝਾਉਣ ਆਈਆਂ ਔਰਤਾਂ ਤੜਫ ਤੜਫ ਕੇ ਮਰ ਜਾਂਦੀਆਂ ਹਨ.

ਭਾਵਨਾਵਾਂ ਤੋਂ ਖਾਲੀ, ਰੁੱਖੇ ਅਤੇ ਆਪਣੇ ਆਪ ਤੱਕ ਹੀ ਸੀਮਿਤ ਮਨੁੱਖਾਂ ਦੀ ਜ਼ਿੰਦਗੀ ਦਾ ਵਿਸਥਾਰ ਇੱਕ ਹੋਰ ਹਾਇਕੂ ਵਿੱਚ ਵੀ ਮਿਲਦਾ ਹੈ. ਦੇਖੋ ਇਹ ਹਾਇਕੂ:

ਸੁੱਕੇ ਖੂਹ ਦੀਆਂ ਟਿੰਡਾਂ
ਪੰਛੀਆਂ ਪਾਏ ਆਲ੍ਹਣੇ
ਛੱਤੇ ਲਾਏ ਭਰਿੰਡਾਂ

ਜ਼ਾਹਿਰ ਹੈ ਕਿ ਇਸ ਤਰ੍ਹਾਂ ਦੇ ਮਨੁੱਖਾਂ ਦੀ ਦੋਸਤੀ ਵੀ ਅਜਿਹੇ ਮਨੁੱਖਾਂ ਨਾਲ ਹੀ ਹੋਵੇਗੀ ਜੋ ਕਿ ਉਨ੍ਹਾਂ ਨਾਲ ਸੁਭਾਅ ਅਤੇ ਆਦਤਾਂ ਦੇ ਪੱਖੋਂ ਸਾਂਝ ਰੱਖਦੇ ਹੋਣ. ਅਜਿਹੇ ਲੋਕਾਂ ਦੇ ਘਰ / ਅਪਾਰਟਮੈਂਟ / ਟਾਊਨਹਾਊਸ, ਅਕਸਰ, ਸ਼ਰਾਬੀਆਂ / ਡਰੱਗ ਅਡਿਕਟਸ / ਪਰਾਸਟੀਚੀਊਟਸ / ਦੱਲਿਆਂ / ਹਿੰਸਾਤਮਕ ਲੋਕਾਂ ਦੇ ਅੱਡੇ ਬਣ ਜਾਂਦੇ ਹਨ. ਜਿੱਥੇ ਨਿਤ ਲੜਾਈ-ਫਸਾਦ ਹੁੰਦੇ ਹਨ ਅਤੇ ਖੂਨ-ਖਰਾਬਾ ਹੁੰਦਾ ਹੈ. ਟੋਰਾਂਟੋ, ਮਿਸੀਸਾਗਾ, ਮਾਲਟਨ, ਬਰੈਂਪਟਨ, ਵੈਨਕੂਵਰ ਅਤੇ ਕੈਲਗਰੀ ਵਰਗੇ ਸ਼ਹਿਰਾਂ ਦੀਆਂ ਅਨੇਕਾਂ ਅਪਾਰਟਮੈਂਟ ਬਿਲਡਿੰਗਾਂ ਦੇ ਅਪਾਰਟਮੈਂਟਾਂ ਅਤੇ ਟਾਊਨ ਹਾਊਸਾਂ ਵਿੱਚ ਅਜਿਹੀਆਂ ਘਟਨਾਵਾਂ ਵਾਪਰਦੀਆਂ, ਅਕਸਰ, ਹੀ ਦੇਖਣ ਨੂੰ ਮਿਲਦੀਆਂ ਹਨ.

ਹਾਇਕੂ ਨੂੰ, ਅਕਸਰ, ਆਮ ਜ਼ਿੰਦਗੀ ਦੀਆਂ ਸਹਿਜ ਰੂਪ ਵਿੱਚ ਵਾਪਰ ਰਹੀਆਂ ਘਟਨਾਵਾਂ ਪੇਸ਼ ਕਰਨ ਵਾਲੀ ਕਵਿਤਾ ਵੀ ਕਿਹਾ ਜਾਂਦਾ ਹੈ. ਅਜਿਹਾ ਕਰਦਿਆਂ ਕਈ ਵੇਰੀ ਕਵੀ ਇੱਕੋ ਸਥਾਨ ਅਤੇ ਇੱਕੋ ਸਮੇਂ ਵਾਪਰ ਰਹੀਆਂ ਇੱਕ ਤੋਂ ਵੱਧ ਘਟਨਾਵਾਂ ਨੂੰ ਬਰਾਬਰ ਵਿੱਚ ਰੱਖ ਕੇ ਤੁਲਨਾਤਮਕ ਅਧਿਐਨ ਪੇਸ਼ ਕਰਦਾ ਹੈ. ਜਿਵੇਂ ਕਿ ਅਮਰਜੀਤ ਸਾਥੀ ਇਸ ਹਾਇਕੂ ਵਿੱਚ ਕਰ ਰਿਹਾ ਹੈ:

ਹਰਿਮੰਦਰ ਪਰਿਕਰਮਾ
ਮਾਪੇ ਟੇਕਣ ਮੱਥਾ
ਬੱਚੇ ਵੇਖਣ ਮੱਛੀਆਂ

ਹਰਿਮੰਦਰ ਵੱਡੀ ਉਮਰ ਦੇ ਲੋਕਾਂ ਲਈ ਇੱਕ ਪ੍ਰਸਿੱਧ ਤੀਰਥ ਅਸਥਾਨ ਹੈ. ਉਹ ਉੱਥੇ ਆਪਣੀ ਸ਼ਰਧਾ ਪ੍ਰਗਟ ਕਰਨ ਜਾਂਦੇ ਹਨ. ਪਰ ਬੱਚਿਆਂ ਨੂੰ ਨ ਤਾਂ ਅਜਿਹੀ ਕਿਸੀ ਗੱਲ ਦੀ ਸੋਝੀ ਹੁੰਦੀ ਹੈ ਅਤੇ ਨ ਹੀ ਉਨ੍ਹਾਂ ਨੂੰ ਅਜਿਹੀ ਕਿਸੀ ਗੱਲ ਵਿੱਚ ਕੋਈ ਦਿਲਚਸਪੀ ਹੀ ਹੁੰਦੀ ਹੈ. ਮਾਪੇ ਅਜਿਹੇ ਸਥਾਨ ਉੱਤੇ ਜਾ ਕੇ ਜਦੋਂ ਕਿ ਭਜਨ-ਬੰਦਗੀ ਕਰਨ ਵਿੱਚ ਦਿਲਚਸਪੀ ਰੱਖਦੇ ਹਨ; ਪਰ ਬੱਚਿਆਂ ਨੂੰ ਤਾਂ ਹਰਿਮੰਦਰ ਪਰਿਕਰਮਾ ਦੇ ਸਰੋਵਰ ਵਿੱਚ ਤੈਰ ਰਹੀਆਂ ਮੱਛੀਆਂ ਹੀ ਵਧੇਰੇ ਖਿੱਚ ਪਾਉਂਦੀਆਂ ਹਨ.

ਇਸ ਵਿਚਾਰ ਨੂੰ ਸਪੱਸ਼ਟ ਕਰਨ ਲਈ ਇੱਕ ਹੋਰ ਹਾਇਕੂ ਨੂੰ ਵਿਚਾਰਿਆ ਜਾ ਸਕਦਾ ਹੈ:

ਮਾਂ ਸਿਖਾਵੇ ਏਕੰਕਾਰ
ਬੱਚਾ ਬੋਲੇ
ਸੁਪਰਕਾਰ ਸੁਪਰਕਾਰ

ਇਹ ਹਾਇਕੂ ਵੀ ਮਹਿਜ਼ ਤਿੰਨ ਸਤਰਾਂ ਦੀ ਇਸ ਸੰਖੇਪ ਕਵਿਤਾ ਵਿੱਚ ਦੋ ਪੀੜ੍ਹੀਆਂ ਦੀ ਸੋਚ ਦਾ ਅੰਤਰ ਪੇਸ਼ ਕਰਦਾ ਹੈ. ਮਾਪਿਆਂ ਦੀ ਪੀੜ੍ਹੀ ਲਈ ਰੱਬ ਦੀ ਉਪਾਸਨਾ ਕਰਨੀ ਹੀ ਸਭ ਤੋਂ ਮਹੱਤਵਪੂਰਨ ਗੱਲ ਸੀ. ਰੱਬ ਦੀ ਭਗਤੀ ਕਰਨ ਨਾਲ ਹੀ ਜ਼ਿੰਦਗੀ ਸਫਲ ਹੋ ਸਕਦੀ ਸੀ. ਰੱਬ ਕੋਲੋਂ ਹੀ ਉਨ੍ਹਾਂ ਨੂੰ ਸਭ ਕੁਝ ਮਿਲ ਸਕਦਾ ਸੀ. ਪਰ ਬੱਚੇ ਨੂੰ ਜੋ ਕੁਝ ਮੰਡੀ ਸਭਿਆਚਾਰ ਨੇ ਸਿਖਾਇਆ ਹੈ ਉਸ ਅਨੁਸਾਰ ਅਜੋਕੇ ਸਮਿਆਂ ਵਿੱਚ ਜ਼ਿੰਦਗੀ ਵਿੱਚ ਕਾਮਿਯਾਬੀ ਹਾਸਿਲ ਕਰਨ ਲਈ ਸੁਪਰਕਾਰ ਹੀ ਸਭ ਤੋਂ ਮਹੱਤਵ-ਪੂਰਨ ਚੀਜ਼ ਹੈ. ਇਸ ਤਰ੍ਹਾਂ ਸਾਨੂੰ, ਮਹਿਜ਼, ਤਿੰਨ ਸਤਰਾਂ ਦੇ ਇਸ ਹਾਇਕੂ ਰਾਹੀਂ ਪੁਰਾਤਨਤਾ ਅਤੇ ਨਵੀਨਤਾ ਦਾ ਇੱਕੋ ਸਮੇਂ ਅਹਿਸਾਸ ਹੋ ਜਾਂਦਾ ਹੈ.

ਅਸੀਂ, ਅਕਸਰ, ਕਹਿ ਦਿੰਦੇ ਹਾਂ ਕਿ ਐਵੇਂ ਕਿਉਂ ਜਾਨਵਰਾਂ ਵਾਂਗੂੰ ਪਏ ਲੜਦੇ ਹੋ - ਬੰਦੇ ਬਣੋ. ਪਰ ਕਈ ਵਾਰੀ ਸਥਿਤੀ ਬੜੀ ਅਜੀਬ ਬਣ ਜਾਂਦੀ ਹੈ. ਘਰਾਂ ਦੇ ਵਿਹੜਿਆਂ ਵਿੱਚ ਕੁੱਤੇ, ਕੁੱਕੜ ਅਤੇ ਬਿੱਲੀਆਂ ਤਾਂ ਆਪਸ ਵਿੱਚ ਮਿਲ ਕੇ ਖੇਡ ਰਹੇ ਹੁੰਦੇ ਹਨ; ਪਰ ਬੱਚੇ ਇੱਕ ਦੂਜੇ ਨਾਲ ਲੜਦੇ ਹੋਏ ਚੀਕ ਚਿਹਾੜਾ ਪਾ ਰਹੇ ਹੁੰਦੇ ਹਨ. ਇਸ ਤਰ੍ਹਾਂ ਕਈ ਵਾਰੀ ਜਾਨਵਰਾਂ ਦਾ ਸਭਿਆਚਾਰ ਵੀ ਮਨੁੱਖਾਂ ਲਈ ਚੰਗੀ ਉਦਾਹਰਣ ਬਣ ਕੇ ਪੇਸ਼ ਹੋ ਜਾਂਦਾ ਹੈ. ਅਮਰਜੀਤ ਸਾਥੀ ਨੇ ਇਸ ਤੱਥ ਨੂੰ ਵੀ ਬੜੀ ਖੂਬਸੂਰਤੀ ਨਾਲ ਹਾਇਕੂ ਰਾਹੀਂ ਪੇਸ਼ ਕੀਤਾ ਹੈ:

ਬੱਚੇ ਪਾਉਂਦੇ ਖਿੱਲੀ
ਇੱਕੋ ਵਿਹੜੇ ਖੇਡਣ

ਕੁੱਤੇ ਕੁੱਕੜ ਬਿੱਲੀ

ਨਵੀਂ ਉਸਾਰੀ ਦੇ ਨਾਮ ਉੱਤੇ ਜਿਸ ਤਰ੍ਹਾਂ ਰੁੱਖਾਂ ਨੂੰ ਕੱਟਿਆ ਜਾ ਰਿਹਾ ਹੈ ਉਸ ਨਾਲ ਅਨੇਕਾਂ ਤਰ੍ਹਾਂ ਦੀ ਤਬਾਹੀ ਹੋ ਰਹੀ ਹੈ. ਰੁੱਖਾਂ ਦੀ ਅੰਨ੍ਹੇਵਾਹ ਕੀਤੀ ਜਾ ਰਹੀ ਕਟਾਈ ਕਾਰਨ ਅਨੇਕਾਂ ਤਰ੍ਹਾਂ ਦੀਆਂ ਵਾਤਾਵਰਨ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ. ਅਨੇਕਾਂ ਤਰ੍ਹਾਂ ਦੇ ਪੰਛੀ ਸ਼ਹਿਰਾਂ ਵਿੱਚੋਂ ਘੱਟ ਰਹੇ ਹਨ. ਪੰਛੀ ਅਨੇਕਾਂ ਤਰ੍ਹਾਂ ਨਾਲ ਮਨੁੱਖ ਦੀ ਮੱਦਦ ਕਰਦੇ ਹਨ. ਇਸ ਤੱਥ ਨੂੰ ਵੀ ਅਮਰਜੀਤ ਸਾਥੀ ਸ਼ਿੱਦਤ ਨਾਲ ਉਭਾਰਦਾ ਹੈ:

ਨਵੇਂ ਘਰਾਂ ਲਈ ਥਾਂ
ਚੋਗਾ ਲੈ ਕੇ ਮੁੜਿਆ ਪੰਛੀ
ਨਾ ਬਿਰਖ ਨਾ ਬੋਟ

ਅਮਰਜੀਤ ਸਾਥੀ ਦਾ ਹਾਇਕੂ ਸੰਗ੍ਰਹਿ **'ਨਿਮਖ'** ਭਾਵੇਂ ਕਿ ਦੇਖਣ ਵਿੱਚ ਇੱਕ ਛੋਟੀ ਜਿਹੀ ਪੁਸਤਕ ਹੈ ਪਰ ਇਸ ਵਿੱਚ ਸ਼ਾਮਿਲ ਕੀਤੇ ਗਏ ਹਰ ਹਾਇਕੂ ਵਿੱਚ ਹੀ ਕੋਈ ਵਿਚਾਰ ਜਾਂ ਵਿਸ਼ਾ ਪੇਸ਼ ਕੀਤਾ ਗਿਆ ਹੋਣ ਕਰਕੇ ਇਹ ਪੁਸਤਕ ਕਾਫੀ ਦਿਲਸਚਸਪ ਬਣ ਜਾਂਦੀ ਹੈ. ਇਹ ਪੁਸਤਕ ਇਸ ਲਈ ਵੀ ਦਿਲਚਸਪ ਹੋ ਜਾਂਦੀ ਹੈ ਕਿਉਂਕਿ ਹਾਇਕੂ ਤਾਂ ਜਾਪਾਨੀ ਕਵਿਤਾ ਦਾ ਇੱਕ ਰੂਪ ਹੈ; ਪ੍ਰੰਤੂ ਅਮਰਜੀਤ ਸਾਥੀ ਨੇ ਜਾਪਾਨੀ ਕਵਿਤਾ ਦੇ ਇਸ ਰੂਪ ਦਾ ਪੰਜਾਬੀਕਰਨ ਬੜੀ ਹੀ ਸਫਲਤਾ ਨਾਲ ਕੀਤਾ ਹੈ.

ਹਾਇਕੂ ਵਿੱਚ ਜੀਵੇ ਅਨੁਭਵ ਦਾ ਬਿਆਨ ਹੁੰਦਾ ਹੈ. ਪਰਵਾਸੀ ਜ਼ਿੰਦਗੀ ਦੀਆਂ ਅਨੇਕਾਂ ਅਜਿਹੀਆਂ ਸਮੱਸਿਆਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਦੇਸ਼ਵਾਸੀਆਂ ਲਈ ਅਹਿਸਾਸ ਕਰਨਾ ਏਨਾਂ ਅਹਿਸਾਨ ਨਹੀਂ ਹੁੰਦਾ. ਜਿਵੇਂ ਕਿ ਭਾਰਤ / ਪਾਕਿਸਤਾਨ ਵਿੱਚ ਰਹਿਣ ਵਾਲੇ ਲੋਕ ਵਧੇਰੇ ਕਰਕੇ ਸੰਯੁਕਤ ਪ੍ਰਵਾਰਾਂ ਵਿੱਚ ਰਹਿੰਦੇ ਹਨ. ਜਦੋਂ ਲੋਕ ਕੰਮਾਂ ਉੱਤੇ ਜਾਂਦੇ ਹਨ ਤਾਂ ਉਨ੍ਹਾਂ ਦੇ ਛੋਟੇ ਬੱਚਿਆਂ ਦੀ ਸੰਭਾਲ ਉਨ੍ਹਾਂ ਦੇ ਨਾਲ ਹੀ ਰਹਿ ਰਹੇ ਮਾਂ-ਪਿਓ ਕਰਦੇ ਹਨ. ਭਾਵ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਦਾਦਾ/ਦਾਦੀ ਜਾਂ ਨਾਨਾ/ਨਾਨੀ ਕਰਦੇ ਹਨ. ਇਸ ਤਰ੍ਹਾਂ ਕੋਈ ਫਿਕਰ ਵਾਲੀ ਗੱਲ ਨਹੀਂ ਹੁੰਦੀ. ਪਰ ਬਦੇਸ਼ਾਂ ਵਿੱਚ ਅਨੇਕਾਂ ਪ੍ਰਵਾਰਾਂ ਨਾਲ ਉਨ੍ਹਾਂ ਦੇ ਬਜ਼ੁਰਗ ਨਹੀਂ ਰਹਿ ਰਹੇ ਹੁੰਦੇ. ਇਸ ਤਰ੍ਹਾਂ ਉਨ੍ਹਾਂ ਨੇ ਜਦੋਂ ਕੰਮ ਉੱਤੇ ਜਾਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਬੱਚੇ ਕਿਸੇ ਬੇਬੀ ਸਿੱਟਰ ਕੋਲ ਛੱਡ ਕੇ ਜਾਣਾ ਪੈਂਦਾ ਹੈ. ਕਈ ਵਾਰੀ ਬੇਬੀ ਸਿੱਟਰ ਕਿਸੇ ਹੋਰ ਸਭਿਆਚਾਰ ਨਾਲ ਸਬੰਧ ਰੱਖਦੀ ਹੁੰਦੀ ਹੈ. ਇਸ ਤਰ੍ਹਾਂ ਬੇਬੀ ਸਿੱਟਰ ਕੋਲ ਬੱਚਾ ਛੱਡ ਕੇ ਆਉਣ ਵੇਲੇ ਬੱਚੇ ਦੀ ਮਾਂ ਨੂੰ ਅਨੇਕਾਂ ਤਰ੍ਹਾਂ ਦਾ ਫਿਕਰ ਰਹਿੰਦਾ ਹੈ ਕਿ ਕੀ ਉਹ ਬੇਬੀ ਸਿੱਟਰ ਉਨ੍ਹਾਂ ਦੇ ਬੱਚੇ ਦਾ ਠੀਕ ਤਰ੍ਹਾਂ ਧਿਆਨ ਰੱਖੇਗੀ ਜਾਂ ਕਿ ਨਹੀਂ? ਵਿਸ਼ੇਸ਼ ਕਰਕੇ ਜਦੋਂ ਬਰਫ਼ਾਂ ਪੈ ਰਹੀਆਂ ਹੁੰਦੀਆਂ ਹਨ ਅਤੇ ਬੱਚੇ ਨੂੰ ਬੇਬੀ ਸਿੱਟਰ ਕੋਲ ਛੱਡ ਕੇ ਜਾਣ ਵੇਲੇ ਮਾਂ ਨੂੰ ਇਹੀ ਫਿਕਰ ਰਹਿੰਦਾ ਹੈ ਕਿ ਇਹ ਬੇਬੀ ਸਿੱਟਰ ਠੰਢ ਵਿੱਚ ਪਤਾ ਨਹੀਂ ਮੇਰੇ ਬੱਚੇ ਨੂੰ ਠੰਢ ਤੋਂ ਬਚਾ ਕੇ ਰੱਖੇਗੀ ਜਾਂ ਕਿ ਨਹੀਂ? ਕਿਉਂਕਿ ਅਜਿਹੀਆਂ ਘਟਨਾਵਾਂ ਵਾਪਰਨ ਦੀਆਂ ਗੱਲਾਂ ਰੇਡੀਓ/ਟੀਵੀ ਜਾਂ ਅਖਬਾਰਾਂ ਰਾਹੀਂ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ ਕਿ ਬੇਬੀ ਸਿੱਟਰ ਆਪਣੇ ਬੁਆਏ ਫਰੈਂਡ ਨਾਲ ਟੈਲੀਫੋਨ ਕਰਨ ਵਿੱਚ ਹੀ ਏਨੀ ਮਸਤ ਸੀ ਕਿ ਉਸਨੂੰ ਪਤਾ ਹੀ ਨ ਲੱਗਾ ਕਿ ਕਿਸ ਵੇਲੇ ਛੋਟਾ ਜਿਹਾ ਬੱਚਾ ਬੂਹਾ ਖੋਲ੍ਹ ਕੇ ਨੰਗੇ ਪੈਰੀਂ ਘਰੋਂ ਬਾਹਰ ਨਿਕਲ ਕੇ ਬਰਫ਼ ਵਿੱਚ ਤੁਰਦਾ ਹੋਇਆ ਸੜਕ ਤੱਕ ਪਹੁੰਚ ਗਿਆ. ਕਿਸੇ ਗੁਆਂਢੀ ਨੇ ਇਸ ਤਰ੍ਹਾਂ ਬੱਚੇ ਨੂੰ ਤੁਰਿਆ ਜਾਂਦਾ ਦੇਖ ਕੇ ਪੁਲਿਸ ਨੂੰ ਫੋਨ ਕਰ ਦਿੱਤਾ ਅਤੇ ਇਸ ਤਰ੍ਹਾਂ ਬੱਚਾ ਕਿਸੇ ਅਪਰਾਧੀ ਦੇ ਹੱਥਾਂ ਵਿੱਚ ਜਾਣ ਤੋਂ ਬਚ ਗਿਆ. ਮਮਤਾ ਦੇ ਇਸ ਅਹਿਸਾਸ ਨੂੰ ਅਮਰਜੀਤ ਸਾਥੀ ਹਾਇਕੂ ਰਾਹੀਂ ਕੁਝ ਇਸ ਤਰ੍ਹਾਂ ਪੇਸ਼ ਕਰਦਾ ਹੈ:

ਬਰਫ਼ ਪੈ ਰਹੀ
ਬੱਚਾ ਛੱਡ ਖਿਡਾਵੀ ਕੋਲ
ਮਾਂ ਨੂੰ ਚੜ੍ਹਦੀ ਕੰਬਣੀ

ਪਰਵਾਸੀ ਜ਼ਿੰਦਗੀ ਦੀ ਇੱਕ ਹੋਰ ਸਮੱਸਿਆ ਸਾਡਾ ਧਿਆਨ ਖਿੱਚਦੀ ਹੈ. ਉਹ ਸਮੱਸਿਆ ਹੈ ਪ੍ਰਵਾਸੀ ਪ੍ਰਵਾਰਾਂ ਵਿੱਚ ਵਧ ਰਹੇ ਲੜਾਈ ਝਗੜੇ. ਇਨ੍ਹਾਂ ਲੜਾਈ ਝਗੜਿਆਂ ਕਾਰਨ ਬਜ਼ੁਰਗਾਂ ਨੂੰ ਉਨ੍ਹਾਂ ਦੇ ਆਪਣੇ ਹੀ ਧੀਆਂ / ਪੁੱਤਰ ਘਰੋਂ ਕੱਢ ਦਿੰਦੇ ਹਨ. ਜਿਸ ਕਾਰਨ ਉਨ੍ਹਾਂ ਨੂੰ ਮਜਬੂਰਨ ਬਿਰਧ ਘਰਾਂ ਵਿੱਚ ਰਹਿਣਾ ਪੈਂਦਾ ਹੈ. ਨਤੀਜੇ ਵਜੋਂ ਬਜ਼ੁਰਗਾਂ ਦੇ ਘਰ ਵਿੱਚ ਰਹਿਣ ਕਾਰਨ ਧੀਆਂ/ਪੁੱਤਰਾਂ ਨੂੰ ਜੋ ਲਾਭ ਹੁੰਦੇ ਹਨ - ਫਿਰ ਉਹ ਉਨ੍ਹਾਂ ਲਾਭਾਂ ਤੋਂ ਵਾਂਝੇ ਰਹਿ ਜਾਂਦੇ ਹਨ. ਵਿਸ਼ੇਸ਼ ਕਰਕੇ ਬਜ਼ੁਰਗ ਘਰ ਵਿੱਚ ਹੀ ਧੀਆਂ/ਪੁੱਤਰਾਂ ਨਾਲ ਰਹਿੰਦੇ ਹੋਣ ਤਾਂ ਉਹ ਧੀਆਂ/ਪੁੱਤਰਾਂ ਦੇ ਕੰਮ ਉੱਤੇ ਚਲੇ ਜਾਣ ਤੋਂ ਬਾਹਦ ਛੋਟੇ ਬੱਚਿਆਂ ਦਾ ਧਿਆਨ ਰੱਖਦੇ ਹਨ. ਨਹੀਂ ਤਾਂ ਛੋਟੇ ਬੱਚੇ ਡੇਅ ਕੇਅਰ ਵਿੱਚ ਛੱਡਣੇ ਪੈਂਦੇ ਹਨ. ਇਸ ਸਭਿਆਚਾਰਕ ਸਮੱਸਿਆ ਦਾ ਅਹਿਸਾਸ ਅਮਰਜੀਤ ਸਾਥੀ ਹਾਇਕੂ ਕਾਵਿ ਰੂਪ ਦੀਆਂ, ਮਹਿਜ਼, ਤਿੰਨ ਸਤਰਾਂ ਰਾਹੀਂ ਕੁਝ ਇਸ ਤਰ੍ਹਾਂ ਕਰਵਾਉਂਦਾ ਹੈ:

ਉਲਝੇ ਤਾਣੇ ਬਾਣੇ
ਡੇ-ਕੇਅਰ ਵਿੱਚ ਬੱਚੇ
ਬਿਰਧਘਰਾਂ ਵਿੱਚ ਸਿਆਣੇ

ਨਵੇਂ ਆਏ ਪ੍ਰਵਾਸੀਆਂ ਨੂੰ ਪਿੱਛੇ ਛੱਡਕੇ ਆਏ ਦੇਸ਼ ਦੀ ਯਾਦ ਵੀ ਸਤਾਂਦੀ ਹੈ. ਇਹ ਯਾਦਾਸ਼ਤ ਵੀ ਅਨੇਕਾਂ ਰੂਪਾਂ ਵਿੱਚ ਆਉਂਦੀ ਹੈ. ਘਰ, ਖੇਤ, ਕੰਮ, ਦੋਸਤ, ਰਿਸ਼ਤੇਦਾਰ, ਖੇਡਾਂ, ਰਸਮੋਂ ਰਿਵਾਜ, ਫੁੱਲ-ਬੂਟੇ, ਮੌਸਮ, ਫਲ, ਸਬਜ਼ੀਆਂ ਆਦਿ ਉਸ ਨੂੰ ਯਾਦ ਆਉਂਦੇ ਹਨ. ਇਨ੍ਹਾਂ ਸਾਰੀਆਂ ਗੱਲਾਂ ਨਾਲ ਕੋਈ ਨ ਕੋਈ ਵਿਸ਼ੇਸ਼ ਯਾਦ ਜੁੜੀ ਹੁੰਦੀ ਹੈ. ਪੰਜਾਬ ਤੋਂ ਆਏ ਲੋਕਾਂ ਨੂੰ ਵਿਸ਼ੇਸ਼ ਕਰਕੇ ਅੰਬਾਂ ਦੀ ਯਾਦ ਬਹੁਤ ਆਉਂਦੀ ਹੈ. ਕਿਉਂਕਿ ਅੰਬਾਂ ਦੇ ਮੌਸਮ ਵਿੱਚ ਪੰਜਾਬ ਵਿੱਚ ਅਨੇਕਾਂ ਤਰ੍ਹਾਂ ਦੇ ਅੰਬ ਹੁੰਦੇ ਹਨ ਅਤੇ ਹਰ ਕੋਈ ਇਸ ਨੂੰ ਖਾਹ ਕੇ ਬਹੁਤ ਖ਼ੁਸ਼ ਹੁੰਦਾ ਹੈ. ਇੱਥੋਂ ਤੱਕ ਕਿ ਪੰਜਾਬ ਦੇ ਅਨੇਕਾਂ ਲੋਕ-ਗੀਤ ਅੰਬਾਂ ਨਾਲ ਸਬੰਧਤ ਹਨ. ਪ੍ਰਦੇਸਾਂ ਵਿੱਚ ਆ ਕੇ ਜਦੋਂ ਪ੍ਰਵਾਸੀ ਨੂੰ ਫੂਡ ਮਾਰਕਿਟ ਵਿੱਚ ਹੋਰਨਾਂ ਫਲਾਂ ਦੇ ਨਾਲ ਪਏ ਅੰਬ ਦਿਸ ਜਾਂਦੇ ਹਨ ਤਾਂ ਪ੍ਰਵਾਸੀ ਪੰਜਾਬੀ ਦੀ ਚੇਤਨਾ ਵਿੱਚ ਉਨ੍ਹਾਂ ਸਾਰੇ ਸਮਿਆਂ ਦੇ ਦ੍ਰਿਸ਼ ਚਲ ਚਿਤਰ ਵਾਂਗ ਘੁੰਮਣੇ ਸ਼ੁਰੂ ਹੋ ਜਾਂਦੇ ਹਨ; ਸਮੇਂ ਜੋ ਪ੍ਰਵਾਸੀ ਪੰਜਾਬੀ ਨੇ ਪਿੱਛੇ ਰਹਿ ਗਏ ਪੰਜਾਬ ਵਿੱਚ ਯਾਰਾਂ ਦੋਸਤਾਂ / ਪ੍ਰਵਾਰ ਦੇ ਮੈਂਬਰਾਂ ਨਾਲ ਅੰਬ ਚੂਪਦਿਆਂ ਜਾਂ ਅੰਬ ਖਾਂਦਿਆਂ ਹੱਸਦਿਆਂ/ਖੇਡਦਿਆਂ ਬਿਤਾਏ ਸਨ. ਅਜਿਹੇ ਯਾਦਗਾਰੀ ਪਲਾਂ ਦਾ ਹੇਰਵਾ ਅਮਰਜੀਤ ਸਾਥੀ ਹਾਇਕੂ ਰਾਹੀਂ ਕੁਝ ਇਸ ਤਰ੍ਹਾਂ

ਬਿਆਨ ਕਰਦਾ ਹੈ:

ਸੌਦਾ ਰਿਹਾ ਖ਼ਰੀਦ
ਪਰਵਾਸੀ ਚੁੱਕੇ ਅੰਬ
ਅੱਖੀਂ ਆਏ ਸਿੱਲ੍ਹ

ਹਾਇਕੂ ਸੰਗ੍ਰਹਿ **'ਨਿਮਖ'** ਬਾਰੇ ਚਰਚਾ ਕਰਦਿਆਂ ਹੋਇਆਂ ਹੁਣ ਤੱਕ ਉਦਾਹਰਣਾਂ ਲਈ ਵਰਤੇ ਗਏ ਹਾਇਕੂਆਂ ਤੋਂ ਬਿਨ੍ਹਾਂ ਹੋਰ ਵੀ ਅਨੇਕਾਂ ਖ਼ੂਬਸੂਰਤ ਹਾਇਕੂ ਇਸ ਸੰਗ੍ਰਹਿ ਵਿਚ ਮੌਜੂਦ ਹਨ. ਪਰ ਮੈਂ ਇਸ ਹਾਇਕੂ ਸੰਗ੍ਰਹਿ ਬਾਰੇ ਆਪਣੀ ਗੱਲ ਖਤਮ ਕਰਨ ਤੋਂ ਪਹਿਲਾਂ ਉਨ੍ਹਾਂ ਹੋਰ ਕੁਝ ਕੁ ਹਾਇਕੂਆਂ ਬਾਰੇ ਹੀ ਗੱਲ ਕਰਨੀ ਚਾਹਾਂਗਾ ਜਿਨ੍ਹਾਂ ਵਿੱਚ ਅਮਰਜੀਤ ਸਾਥੀ ਨੇ ਸਾਡੇ ਸਮਿਆਂ ਦੀ ਕਿਸੇ ਨ ਕਿਸੇ ਮਹੱਤਵਪੂਰਨ ਸਮੱਸਿਆ ਨੂੰ ਹਾਇਕੂ ਦਾ ਵਿਸ਼ਾ ਬਣਾਇਆ ਹੈ. ਉਦਾਹਰਣ ਵਜੋਂ ਦੇਖਦੇ ਹਾਂ ਇਹ ਹਾਇਕੂ:

ਅਲਟਰਾਸਾਊਂਡ ਕੋਸ਼
ਜੀਵਨ ਸ਼ਬਦ ਪੁਲਿੰਗ
ਮੌਤ ਇਸਤਰੀ ਲਿੰਗ

ਇਹ ਹਾਇਕੂ ਸਾਡੇ ਸਮਿਆਂ ਦੀ ਇੱਕ ਮਹੱਤਵ-ਪੂਰਨ ਸਮੱਸਿਆ ਵੱਲ ਸਾਡਾ ਧਿਆਨ ਖਿੱਚਦਾ ਹੈ. ਵਿਗਿਆਨ ਅਤੇ ਤਕਨਾਲੋਜੀ ਵਿੱਚ ਹੋਈ ਤਰੱਕੀ ਸਦਕਾ, ਹੁਣ ਅਲਟਰਾਸਾਊਂਡ ਟੈਕਨਾਲੋਜੀ ਦੀ ਮੱਦਦ ਰਾਹੀਂ ਮਾਂ ਦੇ ਪੇਟ ਵਿੱਚ ਬੱਚੇ ਦੀ ਨ ਸਿਰਫ ਤੰਦਰੁਸਤੀ ਬਾਰੇ ਹੀ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਬਲਕਿ ਬੱਚੇ ਦੇ ਲਿੰਗ ਬਾਰੇ ਵੀ ਪਤਾ ਲਗਾਇਆ ਜਾ ਸਕਦਾ ਹੈ. ਕੁਝ ਲੋਕ ਵਿਗਿਆਨ-ਤਕਨਾਲੋਜੀ ਵਿੱਚ ਆਈ ਇਸ ਇਨਕਲਾਬੀ ਤਬਦੀਲੀ ਦੀ ਕੁਵਰਤੋਂ ਕਰ ਰਹੇ ਹਨ. ਹਜ਼ਾਰਾਂ ਸਾਲਾਂ ਤੋਂ ਮਰਦ ਪ੍ਰਧਾਨ ਸਮਾਜ ਔਰਤਾਂ ਨੂੰ ਜੰਮਿਦਿਆਂ ਸਾਰ ਹੀ ਕਤਲ ਕਰਦਾ/ਕਰਵਾਂਦਾ ਰਿਹਾ ਹੈ. ਅਜਿਹੀ ਸੋਚ ਦੇ ਧਾਰਣੀ ਲੋਕ ਹੁਣ ਅਲਟਰਾਸਾਊਂਡ ਟੈਕਨਾਲੋਜੀ ਦੀ ਮੱਦਦ ਨਾਲ ਮਾਂ ਦੇ ਪੇਟ ਵਿੱਚ ਹੀ ਬੱਚੇ ਦਾ ਲਿੰਗ ਪਤਾ ਕਰਕੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਂ ਦੇ ਪੇਟ ਵਿੱਚ ਹੀ ਮਾਰ ਦਿੰਦੇ ਹਨ. ਅਜਿਹੀ ਸਮਾਜਿਕ ਸੋਚ ਲਈ ਸਾਡੇ ਅਨੇਕਾਂ ਗਾਇਕ ਵੀ ਜ਼ਿੰਮੇਵਾਰ ਹਨ ਜੋ ਕਿ 'ਪੁੱਤਰ ਮਿੱਠੜੇ ਮੇਵੇ' ਵਰਗੇ ਗੀਤ ਗਾ ਗਾ ਕੇ ਅਸਿੱਧੇ ਤੌਰ ਉੱਤੇ ਲੋਕਾਂ ਦੇ ਮਨਾਂ ਵਿੱਚ ਧੀਆਂ ਲਈ ਨਫ਼ਰਤ ਭਰ ਦਿੰਦੇ ਹਨ.

ਅਜਿਹੇ ਸਭਿਆਚਾਰਕ ਅਤੇ ਮਾਨਸਿਕ ਪ੍ਰਦੂਸ਼ਨ ਦੇ ਨਾਲ ਨਾਲ ਹੀ ਅਸੀਂ ਵਾਤਾਵਰਨ ਪ੍ਰਦੂਸ਼ਨ ਦਾ ਵੀ ਸਾਹਮਣਾ ਕਰ ਰਹੇ ਹਾਂ. ਮਨੁੱਖ ਦੀਆਂ ਦਿਨੋ ਦਿਨ ਵਧ ਰਹੀਆਂ ਲਾਲਸਾਵਾਂ ਨੇ ਹਵਾ ਅਤੇ ਪਾਣੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ. ਜਿਸ ਕਾਰਨ ਅਨੇਕਾਂ ਤਰ੍ਹਾਂ ਦੀਆਂ ਵਾਤਾਵਰਨ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ. ਜਿਸ ਕਾਰਨ ਧਰਤੀ ਦੀ ਹੋਂਦ ਹੀ ਖਤਰੇ ਵਿੱਚ ਪੈ ਰਹੀ ਹੈ. ਹਰ ਚੇਤੰਨ ਲੇਖਕ ਦੀ ਇਹ ਜ਼ਿੰਮੇਵਾਰੀ ਬਣ ਚੁੱਕੀ ਹੈ ਕਿ ਉਹ ਅਜਿਹੇ ਪ੍ਰਦੂਸ਼ਨ ਬਾਰੇ ਲੋਕਾਂ ਵਿੱਚ ਚੇਤਨਾ ਪੈਦਾ ਕਰੇ. ਅਮਰਜੀਤ ਸਾਥੀ ਵੀ ਇੱਕ ਜਾਗਰੂਕ ਲੇਖਕ ਹੋਣ ਦਾ ਸਬੂਤ ਦਿੰਦਾ ਹੋਇਆ ਇਸ ਸਮੱਸਿਆ ਵੱਲ ਸਾਡਾ ਧਿਆਨ ਦੁਆਂਦਾ ਹੈ:

ਅੰਬਰੀਂ ਧੂਆਂ
ਜਲ ਵਿੱਚ ਵਿਹੁ
'ਵਾ ਵਿਚ ਰਾਖ

ਸਾਡੇ ਸਮਿਆਂ ਵਿੱਚ ਮਦਮਸਤ ਹਾਥੀ ਵਾਂਗ ਦਨਦਨਾਂਦੇ ਆ ਰਹੇ ਮੰਡੀ ਸਭਿਆਚਾਰ ਦੀ ਇੱਕ ਪਹਿਚਾਣ ਬਹੁ-ਮੰਜ਼ਿਲਾ ਇਮਾਰਤਾਂ ਦਾ ਤਾਣਾ-ਬਾਣਾ ਵੀ ਹੈ. ਜਿਨ੍ਹਾਂ ਦੀ ਉਸਾਰੀ ਹਿਤ ਨਿੱਜੀ ਘਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਬੜੀ ਬੇਰਹਿਮੀ ਨਾਲ ਉੱਥੋਂ ਉਜਾੜ ਦਿੱਤਾ ਜਾਂਦਾ ਹੈ. ਉਨ੍ਹਾਂ ਦੀ ਨਿੱਜੀ ਆਜ਼ਾਦੀ ਨੂੰ ਮੈਗਾ ਕਾਰਪੋਰੇਸ਼ਨਾਂ ਦੀ ਗੁਲਾਮੀ ਦੇ ਸੰਗਲਾਂ ਵਿੱਚ ਕੈਦ ਕਰ ਦਿੱਤਾ ਜਾਂਦਾ ਹੈ. ਮੈਗਾ ਕਾਰਪੋਰੇਸ਼ਨਾਂ ਵੱਲੋਂ ਨਵਉਸਾਰੀ ਦੇ ਨਾਮ ਹੇਠ ਫੈਲਾਈ ਜਾ ਰਹੀ ਅਜਿਹੀ ਦਹਿਸ਼ਤ ਦੁਨੀਆਂ ਦੇ ਕੋਨੇ ਕੋਨੇ ਵਿੱਚ ਦੇਖੀ ਜਾ ਸਕਦੀ ਹੈ. ਜਿਸ ਦੇ ਖਿਲਾਫ ਅਨੇਕਾਂ ਦੇਸ਼ਾਂ ਵਿੱਚ ਵਿਦਰੋਹ ਹੋ ਰਹੇ ਹਨ ਅਤੇ ਸ਼ਕਤੀਸ਼ਾਲੀ ਆਵਾਜ਼ਾਂ ਉੱਠ ਰਹੀਆਂ ਹਨ. ਮੰਡੀ ਸਭਿਆਚਾਰ ਦੇ ਪੈਰਾਂ ਹੇਠ ਦਰੜੇ ਜਾ ਰਹੇ ਲੋਕਾਂ ਦੇ ਹੱਕ ਵਿੱਚ ਅਮਰਜੀਤ ਸਾਥੀ ਵੀ ਆਪਣੀ ਆਵਾਜ਼ ਰਲਾਉਂਦਾ ਹੈ ਕੁਝ ਇਸ ਤਰ੍ਹਾਂ ਦੇ ਅੰਦਾਜ਼ ਵਿੱਚ:

ਵਧ ਰਹੇ ਬਹੁਮੰਜ਼ਲੇ
ਆਸ-ਪਾਸ ਦੇ ਘਰਾਂ ਵਲ
ਸਰਕ ਰਿਹਾ ਪਰਛਾਵਾਂ

ਅਮਰਜੀਤ ਸਾਥੀ ਦਾ ਹਾਇਕੂ ਸੰਗ੍ਰਹਿ **'ਨਿਮਖ'** ਕੇਨੇਡੀਅਨ ਪੰਜਾਬੀ ਸਾਹਿਤ ਵਿੱਚ ਇੱਕ ਜ਼ਿਕਰਯੋਗ ਵਾਧਾ ਹੈ. ਇਹ ਹਾਇਕੂ ਸੰਗ੍ਰਹਿ ਪੜ੍ਹਦਿਆਂ ਮੈਨੂੰ ਕਾਫੀ ਦਿਲਚਸਪ ਲੱਗਾ ਹੈ. ਮੈਨੂੰ ਉਮੀਦ ਹੈ ਕਿ ਚੰਗੀ ਕਵਿਤਾ ਪੜ੍ਹਨ ਦੇ ਸ਼ੌਕੀਨ ਪਾਠਕ ਇਸ ਹਾਇਕੂ ਸੰਗ੍ਰਹਿ ਦਾ ਭਰਵਾਂ ਸੁਆਗਤ ਕਰਨਗੇ.

■ (ਅਗਸਤ 21, 2009)

**- Sukhinder**
Editor: **SANVAD**
Box 67089, 2300 Yonge St.
Toronto ON M4P 1E0 Canada
Tel. (416) 858-7077
Email: poet_sukhinder@hotmail.com
www.canadianpunjabiliterature.blogspot.com